# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ.3254 ਕਾਲਜਾਂ/ਸ-2

ਮਿਤੀ.15-9-2022

ਚੇਅਰਮੈਨ/ਪ੍ਰਿੰਸੀਪਲ
ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜ

ਵਿਸ਼ਾ:-ਯੂਨੀਵਰਸਿਟੀ ਨਾਲ ਸਬੰਧੀ ਸਮੂਹ ਗੈਰ-ਸਰਕਾਰੀ ਐਜੂਕੇਸ਼ਨ ਕਾਲਜਾਂ ਵਿਖੇ ਨਿਯੁਕਤ ਹੋਣ ਵਾਲੇ ਟੀਚਿੰਗ ਸਟਾਫ ਸਬੰਧੀ ਫੈਡਰੇਸ਼ਨ ਆਫ ਸੈਲਫ-ਫਾਈਨਾਂਸ ਕਾਲਜ ਆਫ ਐਜੂਕੇਸ਼ਨ ਪੰਜਾਬ V/S ਐਨ.ਸੀ.ਟੀ.ਈ. ਦੇ ਕੋਰਟ ਕੇਸ CWP 15773/2015 ਦੇ ਫੈਸਲੇ ਅਨੁਸਾਰ ਸਹਾਇਕ ਪ੍ਰੋਫੈਸਰਾਂ ਦੀ ਨਿਯੁਕਤੀ ਅਤੇ ਸਬੰਧਤ ਕਾਲਜਾਂ ਨੂੰ ਅਪਰੂਵਲ ਕੇਸਾਂ ਲਈ ਲਗਾਏ ਗਏ ਜੁਰਮਾਨਾ/ਲੇਟ ਫੀਸ ਸਬੰਧੀ।

ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਰਿੱਟ ਪਟੀਸ਼ਨ CWP 15773/2015 ਦੇ ਫੈਸਲੇ ਦੇ ਸਬੰਧ ਵਿੱਚ ਸਟੈਂਡਿੰਗ ਕਮੇਟੀ ਵੱਲੋਂ ਮਿਤੀ 05/08/2022 ਨੂੰ ਕੀਤੀਆਂ ਸਿਫਾਰਸਾਂ ਦੀ ਲੋਅ ਵਿੱਚ ਮਾਨਯੋਗ ਵਾਈਸ-ਚਾਂਸਲਰ ਵੱਲੋਂ ਹੋਏ ਆਦੇਸ਼ਾ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਉਮੀਦਵਾਰਾ ਦੀ ਬਿਨਾਂ PHD/NET ਤੋਂ ਸਿਲੈਕਸ਼ਨ ਹੋ ਚੁੱਕੀ ਹੈ ਅਤੇ ਯੂਨੀਵਰਸਿਟੀ ਵਿਖੇ ਅਪਰੂਵਲ ਬਾਕੀ ਹੈ ਉਨ੍ਹਾਂ ਕੇਸਾਂ ਵਿੱਚ ਯੂਨੀਵਰਸਿਟੀ ਵੱਲੋਂ ਅਪਰੂਵਲ ਨਹੀ ਦਿੱਤੀ ਜਾਵੇਗੀ।

ਆਪ ਜੀ ਨੂੰ ਇਹ ਵੀ ਸੂਚਿਤ ਕੀਤਾ ਜਾਦਾ ਹੈ ਕਿ ਉਪਰੋਕਤ Writ Petition ਦੇ ਫੈਸਲੇ ਅਨੁਸਾਰ ਕਿਸੇ ਵੀ ਐਜੂਕੇਸ਼ਨ ਕਾਲਜ ਵਿਖੇ ਸਹਾਇਕ ਪ੍ਰੋਫੈਸਰਾਂ ਦੀ ਨਿਯੁਕਤੀ ਸਮੇਂ ਪੀ.ਐਚ.ਡੀ/ਨੈੱਟ ਪਾਸ ਹੋਣਾ ਲਾਜਮੀ ਹੋਵੇਗਾ ਅਤੇ ਐਨ.ਸੀ.ਟੀ.ਈ./ਯੂਨੀਵਰਸਿਟੀ ਨਿਯਮਾਂ ਅਨੁਸਾਰ ਹੀ ਪੀ.ਐਚ.ਡੀ./ਨੈੱਟ ਪਾਸ ਵਾਲੇ ਉਮੀਦਵਾਰਾਂ ਨੂੰ ਹੀ ਅਸਿਸਟੈਂਟ ਪ੍ਰੋਫੈਸਰ ਲਈ ਵਿਚਾਰਿਆ ਜਾਵੇਗਾ।ਕਾਲਜ ਵਿਖੇ ਚਲਦੇ ਬੀ.ਐਡ. ਅਤੇ ਐਮ.ਐਡ. ਐਜੂਕੇਸ਼ਨ ਕੋਰਸਾਂ ਲਈ ਯੂਨੀਵਰਸਿਟੀ/ਐਨ.ਸੀ.ਟੀ.ਈ. ਨਿਯਮਾਂ ਅਨੁਸਾਰ ਪ੍ਰਿੰਸੀਪਲ ਤੋਂ ਇਲਾਵਾ ਟੀਚਿੰਗ ਸਟਾਫ ਦਾ 2/3 ਹਿੱਸਾ ਰੈਗੂਲਰ ਤੌਰ ਤੇ ਨਿਯੁਕਤ ਕਰਕੇ ਯੂਨੀਵਰਸਿਟੀ ਨੂੰ ਸੂਚਿਤ ਕਰਨਾ ਲਾਜਮੀ ਹੋਵੇਗਾ।

ਉਕਤ ਤੋਂ ਇਲਾਵਾ ਪਹਿਲਾਂ ਜਾਰੀ ਕੀਤੇ ਪੱਤਰ ਨੰ:1458 ਕਾਲਜਾਂ ਸ-2 ਮਿਤੀ 26/04/2022 ਸਬੰਧੀ ਮੁੜ ਸੂਚਿਤ ਕੀਤਾ ਜਾਦਾ ਹੈ ਕਿ ਜੇਕਰ ਕਿਸੇ ਵੀ ਗੈਰ-ਸਰਕਾਰੀ ਕਾਲਜ ਵਿਖੇ 30/09/2021 ਤੋਂ ਪਹਿਲਾਂ ਸਿਲੈਕਸ਼ਨ ਕਮੇਟੀ ਰਾਹੀ ਚੁਣੇ ਗਏ ਉਮੀਦਵਾਰ ਮੌਜੂਦਾ ਸਮੇਂ ਵਿੱਚ ਕਾਲਜ ਵਿਖੇ ਕੰਮ ਕਰ ਰਹੇ ਹਨ ਅਤੇ ਕਾਲਜ ਉਨ੍ਹਾਂ ਉਮੀਦਵਾਂਰਾ ਦੀ ਅਪਰੂਵਲ ਲੈਣਾ ਚਾਹੁੰਦਾ ਹੈ ਤਾਂ ਅਜਿਹੇ ਕੇਸਾਂ ਸਬੰਧੀ ਪਹਿਲਾਂ ਨਿਰਧਾਰਤ ਕੀਤੇ ਗਏ ਜੁਰਮਾਨੇ 10 ਹਜਾਰ ਪ੍ਰਤੀ ਸਾਲ ਪ੍ਰਤੀ ਉਮੀਦਵਾਰ ਦੀ ਲੋਅ ਵਿਚ ਗੋਲਡਨ ਚਾਂਸ ਵੱਜੋਂ ਦੋ ਮਹੀਨੇ ਦਾ ਸਮਾਂ/ਮੌਕਾ ਦਿੰਦੇ ਹੋਏ 50% (ਭਾਵ 5 ਹਜਾਰ ਪ੍ਰਤੀ ਸਾਲ) ਜੁਰਮਾਨੇ ਨਾਲ ਅਪਰੂਵਲ ਕੇਸ ਵਿਚਾਰ ਲਿਆ ਜਾਵੇਗਾ, ਪ੍ਰੰਤੂ ਦੋ ਮਹੀਨੇ ਬਾਅਦ ਪ੍ਰਾਪਤ ਹੋਏ ਕੇਸਾਂ ਤੇ ਪਹਿਲਾਂ ਤੋਂ ਨਿਰਧਾਰਿਤ (10 ਹਜਾਰ ਪ੍ਰਤੀ ਸਾਲ ਪ੍ਰਤੀ ਉਮੀਦਵਾਰ) ਕੀਤਾ ਗਿਆ ਜੁਰਮਾਨਾ ਹੀ ਲੱਗੇਗਾ।

ਗਗਨਦੀਪ ਸਿੰਘ
14/9/22

ਡੀਨ ਕਾਲਜ ਵਿਕਾਸ ਕੌਂਸਲ

Scanned with CamScanner